# ਵਰਕਸ਼ੀਟ

ਹੇਠ ਲਿਖਿਆਂ ਵਿੱਚੋਂ ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ।

1. **ਦੂਜੇ ਸੂਬਿਆਂ (ਰਾਜਾਂ) ਤੋਂ ਕੰਮ ਕਰਨ ਆਏ ਲੋਕਾਂ ਨੂੰ ਕੀ ਕਿਹਾ ਜਾਂਦਾ ਹੈ?**
   ੳ) ਮੂਲ ਵਾਸੀ ਅ) ਪਰਵਾਸੀ ੲ) ਵੱਡੇ ਲੋਕ ਸ) ਆਦਿਵਾਸੀ
2. **ਪਰਵਾਸ ਦੌਰਾਨ ਅਸੀਂ ਬਹੁਤ ....................**
   ੳ) ਕੁਝ ਸੋਚਦੇ ਹਾਂ। ਅ) ਥੱਕ ਜਾਂਦੇ ਹਾਂ। ੲ) ਨਵਾਂ ਦੇਖਦੇ 'ਤੇ ਸਿੱਖਦੇ ਹਾਂ। ਸ) ਗੁਆਚ ਜਾਂਦੇ ਹਾਂ।
3. **ਮੀਂਹ ਹਨੇਰੀ ਆਉਣ 'ਤੇ ਝੁੱਗੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ............**
   ੳ) ਬਹੁਤ ਖੁਸ਼ੀ ਹੁੰਦੀ ਹੈ। ਅ) ਹੈਰਾਨੀ ਹੁੰਦੀ ਹੈ। ੲ) ਠੰਢ ਲੱਗਦੀ ਹੈ। ਸ) ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ।
4. **ਥਰਮਲ ਪਾਵਰ ਪਲਾਂਟ ਵਿੱਚ ਕਿਸ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ?**
   ੳ) ਕੋਇਲੇ ਤੋਂ ਅ) ਪਾਣੀ ਤੋਂ ੲ) ਹਵਾ ਤੋਂ ਸ) ਸੂਰਜੀ ਧੁੱਪ ਤੋਂ
5. **ਬਹੁਤ ਸਾਰੇ ਲੋਕਾਂ ਨੂੰ ................ ਲਈ ਦੂਰ-ਦੂਰ ਜਾਣਾ ਪੈਂਦਾ ਹੈ।**
   ੳ) ਸੌਣ ਲਈ ਅ) ਨਹਾਉਣ ਲਈ ੲ) ਖੇਡਣ ਲਈ ਸ) ਰੁਜ਼ਗਾਰ ਲਈ
6. **ਪਰਵਾਸੀ ਬੱਚਿਆਂ ਅਤੇ ਲੋਕਾਂ ਦੀ ਭਾਸ਼ਾ ਸਥਾਨਕ ਲੋਕਾਂ ਨਾਲੋਂ ............... ਹੁੰਦੀ ਹੈ।**
   ੳ) ਵਧੀਆ ਅ) ਅਲੱਗ ੲ) ਘਟੀਆ ਸ) ਵੱਖਰੀ ਨਹੀਂ
7. **ਭਾਸ਼ਾ ਵੱਖਰੀ ਹੋਣ ਕਰਕੇ ਪਰਵਾਸੀ ਬੱਚਿਆਂ ਨੂੰ ਕਿਸ ਵਿੱਚ ਮੁਸ਼ਕਿਲ ਹੁੰਦੀ ਹੈ?**
   ੳ) ਸਕੂਲ ਜਾਣ ਵਿੱਚ ਅ) ਘੁੰਮਣ ਵਿੱਚ ੲ) ਪੜ੍ਹਨ ਵਿੱਚ ਸ) ਪੈਦਲ ਚੱਲਣ ਵਿੱਚ
8. **ਪਰਵਾਸੀ ਬੱਚਿਆਂ ਦੀ ਪੜ੍ਹਾਈ......**
   ੳ) ਬਾਰੇ ਪਰਵਾਹ ਨਹੀਂ ਕਰਨੀ ਚਾਹੀਦੀ। ਅ) ਲਈ ਵਿਸ਼ੇਸ਼ ਸਕੂਲ ਖੋਲ੍ਹਿਆ ਜਾ ਸਕਦਾ ਹੈ।
   ੲ) ਸਥਾਨਕ ਬੱਚਿਆਂ ਨਾਲ ਹੀ ਵਧੀਆ ਹੁੰਦੀ ਹੈ। ਸ) ਬੰਦ ਕਰ ਦੇਣੀ ਚਾਹੀਦੀ ਹੈ।
9. **ਕਈ ਵਾਰ ਕੁਦਰਤੀ ਕਾਰਨ ਵੀ ...............**
   ੳ) ਲੋਕ ਪਰਵਾਸ ਕਰਦੇ ਹਨ। ਅ) ਖੁਸ਼ ਹੋ ਜਾਂਦੇ ਹਨ। ੲ) ਸੌਂ ਜਾਂਦੇ ਹਨ। ਸ) ਅਮੀਰ ਹੋ ਜਾਂਦੇ ਹਨ।
10. **ਜੇਕਰ ਮੀਂਹ ਜਾਂ ਕਿਸੇ ਹੋਰ ਕਾਰਨ ਪਿੰਡਾਂ, ਸ਼ਹਿਰਾਂ ਜਾਂ ਗਲੀਆਂ ਪਾਣੀ ਨਾਲ ਭਰ ਜਾਣ ਤਾਂ ਉਸ ਨੂੰ ਕੀ ਕਿਹਾ ਜਾਂਦਾ ਹੈ?**
    ੳ) ਸੋਕਾ ਅ) ਭੂਚਾਲ ੲ) ਹੜ੍ਹ ਸ) ਵਰਖਾ ਰੁੱਤ
11. **ਥਰਮਲ ਪਲਾਂਟ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਦੇ ਰਹਿਣ ਲਈ ਬਣਾਏ ਆਵਾਸ ਨੂੰ ਕੀ ਕਹਿੰਦੇ ਹਨ?**
    ੳ) ਹੋਟਲ ਅ) ਕਾਲੋਨੀ ੲ) ਢਾਬਾ/ਫਲੈਟ ਸ) ਸ਼ੈਲਰ
12. **ਤੁਸੀਂ ਆਪਣੇ ਪਿੰਡ ਦੇ ਸਕੂਲ ਵਿੱਚ ਜਮਾਤ ਵਿੱਚ ਪੜ੍ਹਦੇ ਹੋ। ਤੁਹਾਡੇ ਪਿਤਾ ਜੀ ਦੀ ਬਦਲੀ ਕਾਰਨ ਹੁਣ ਤੁਸੀਂ ਸ਼ਹਿਰ ਰਹਿਣ ਲੱਗ ਪਏ। ਤੁਹਾਡੇ ਪਿਤਾ ਜੀ ਨੂੰ ਹੁਣ ਤੁਹਾਡਾ ਦਾਖਲਾ ...............**
    ੳ) ਕਿਸੇ ਵੀ ਸਕੂਲ ਵਿੱਚ ਨਹੀਂ ਕਰਵਾਉਣਾ ਚਾਹੀਦਾ। ਅ) ਅਗਲੇ ਸਾਲ ਕਰਵਾਉਣਾ ਚਾਹੀਦਾ ਹੈ।
    ੲ) ਤੁਰੰਤ ਨੇੜੇ ਦੇ ਸਕੂਲ ਵਿੱਚ ਕਰਵਾਉਣਾ ਚਾਹੀਦਾ ਹੈ। ਸ) ਕਰਵਾਏ ਬਿਨਾਂ ਹੀ ਸਕੂਲ ਭੇਜਦੇ ਰਹਿਣਾ ਚਾਹੀਦਾ ਹੈ।

ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਨਤੀਜੇ ਪ੍ਰਾਪਤ ਕੀਤੇ ਹਨ।

| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
|---|---|---|---|
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner